Department of Zoology
& Environmental Sciences,
Punjabi University, Patiala
Punjab, India -147002
Phone : 0175-5136334, 5136335
E-mail : head_zoology@pbi.ac.in

PUNJABI UNIVERSITY PATIALA

ਜ਼ੂਆਲੋਜੀ ਅਤੇ ਵਾਤਾਵਰਣ ਵਿਗਿਆਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਪੰਜਾਬ, ਭਾਰਤ- 147002
ਫੋਨ : 0175-5136334, 5136335
ਈਮੇਲ : head_zoology@pbi.ac.in

No. 709/ZEVS

Date 30.07.2026

## ਗੈਸਟ ਫੈਕਲਟੀ (ਲੈਕਚਰ ਆਧਾਰ 'ਤੇ) ਦੇ ਲਈ ਵਾਕ-ਇਨ-ਇੰਟਰਵਿਊ ਲਈ ਇਸ਼ਤਿਹਾਰ

ਜ਼ੂਆਲੋਜੀ ਅਤੇ ਵਾਤਾਵਰਣ ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਅਕਾਦਮਿਕ ਸੈਸ਼ਨ 2026-27 ਦੌਰਾਨ ਵਿਭਾਗ ਵਿਖੇ ਚੱਲ ਰਹੇ ਵੱਖ-ਵੱਖ ਕੋਰਸਾਂ ਐੱਮ.ਐੱਸ.ਸੀ. (ਆਨਰਜ਼) ਜ਼ੂਆਲੋਜੀ, ਐੱਮ.ਐੱਸ.ਸੀ. (ਆਨਰਜ਼) ਇਨਵਾਇਰਨਮੈਂਟਲ ਸਾਇੰਸਿਜ਼, ਪੰਜ ਸਾਲਾਂ ਯੂ.ਜੀ.-ਪੀ.ਜੀ. ਪ੍ਰੋਗਰਾਮ (ਆਨਰਜ਼ ਵਿਦ ਰਿਸਰਚ) ਇਨ ਜ਼ੂਆਲੋਜੀ ਅਤੇ ਬੀ.ਐੱਸ.ਸੀ. (ਐੱਫ.ਵਾਈ.ਆਈ.ਪੀ. ਇਨ ਬਾਇਓਲੋਜੀਕਲ ਸਾਇੰਸਿਜ਼) ਲਈ ਦੋ (02) ਗੈਸਟ ਫੈਕਲਟੀ ਅਧਿਆਪਕਾਂ ਦੀ ਨਿਯੁਕਤੀ ਕੀਤੀ ਜਾਣੀ ਹੈ। ਇਸ ਲਈ ਵਾਕ-ਇਨ-ਇੰਟਰਵਿਊ ਹੇਠ ਲਿਖੇ ਸ਼ਡਿਊਲ ਅਨੁਸਾਰ ਰੱਖੀ ਗਈ ਹੈ :

| ਗੈਸਟ ਫੈਕਲਟੀ ਦੀ ਗਿਣਤੀ | ਇੰਟਰਵਿਊ ਲਈ ਮਿਤੀ ਅਤੇ ਸਮਾਂ | ਸਥਾਨ |
|---|---|---|
| 02 | ਮਿਤੀ : 11.08.2026<br>ਸਮਾਂ : ਸਵੇਰੇ 11.00 ਵਜੇ | ਕਮੇਟੀ ਰੂਮ (ਗਰਾਊਂਡ ਫਲੋਰ) ਰਜਿਸਟਰਾਰ ਦਫ਼ਤਰ, ਪ੍ਰਬੰਧਕੀ ਬਲਾਕ ਨੰਬਰ 2, ਪੰਜਾਬੀ ਯੂਨੀਵਰਸਿਟੀ, ਪਟਿਆਲਾ। |

1) ਉਮੀਦਵਾਰ ਯੂ.ਜੀ.ਸੀ. ਦੀਆਂ ਗਾਈਡਲਾਈਨਜ਼ ਨੰਬਰ F.25-1/2018 (PS-MISC) ਮਿਤੀ 28.01.2019 ਅਨੁਸਾਰ ਅਸਿਸਟੈਂਟ ਪ੍ਰੋਫੈਸਰ ਦੀਆਂ ਯੋਗਤਾਵਾਂ ਪੂਰੀਆਂ ਕਰਦਾ ਹੋਵੇ।
2) ਗੈਸਟ ਫੈਕਲਟੀ ਅਧਿਆਪਕਾਂ ਦੇ ਕਾਰਜ ਦੀ ਅਵਧੀ ਆਰਜ਼ੀ ਤੌਰ 'ਤੇ ਸਮੈਸਟਰ/ਅਕਾਦਮਿਕ ਕੈਲੰਡਰ ਅਨੁਸਾਰ ਸੈਸ਼ਨ 2026-27 ਦੇ ਅੰਤ ਤੱਕ ਹੋਵੇਗੀ।
3) ਗੈਸਟ ਫੈਕਲਟੀ ਅਧਿਆਪਕਾਂ ਨੂੰ ਅਧਿਆਪਨ ਦੇ ਕਾਰਜ ਦੇ ਮਿਹਨਤਾਨੇ ਵਜੋਂ ਅਦਾਇਗੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ ਕੀਤੀ ਜਾਵੇਗੀ।
4) ਗੈਸਟ ਫੈਕਲਟੀ ਅਧਿਆਪਕਾਂ ਨੂੰ ਲੈਕਚਰ ਲਗਾਉਣ ਤੋਂ ਇਲਾਵਾ ਹੋਰ ਵੀ ਅਕਾਦਮਿਕ ਕੰਮ ਸੌਂਪੇ ਜਾ ਸਕਦੇ ਹਨ।

ਲੈਕਚਰ ਆਧਾਰ 'ਤੇ ਗੈਸਟ ਫੈਕਲਟੀ ਅਧਿਆਪਕਾਂ ਦੀ ਚੋਣ ਲਈ ਦਿਲਚਸਪੀ ਰੱਖਣ ਵਾਲੇ ਉਮੀਦਵਾਰ ਆਪਣੇ ਬਿਨੈ-ਪੱਤਰ ਤੇ ਬਾਇਓਡਾਟਾ (ਪੂਰੇ ਅਕਾਦਮਿਕ ਦਸਤਾਵੇਜ਼ਾਂ, ਅਧਿਆਪਨ ਤਜ਼ਰਬਾ ਅਤੇ ਖੋਜ ਪੱਤਰ ਸਮੇਤ) ਜ਼ੂਆਲੋਜੀ ਅਤੇ ਵਾਤਾਵਰਣ ਵਿਗਿਆਨ ਵਿਭਾਗ ਦੇ ਮੁਖੀ ਦੀ ਈਮੇਲ ਆਈ.ਡੀ. (ਈਮੇਲ: head_zoology@pbi.ac.in) 'ਤੇ ਭੇਜਣ ਉਪਰੰਤ ਇਸ ਦੀ ਹਾਰਡ ਕਾਪੀ ਦਸਤੀ ਤੌਰ 'ਤੇ ਵਿਭਾਗ ਦੇ ਦਫ਼ਤਰ ਵਿਖੇ ਮਿਤੀ 07 ਅਗਸਤ, 2026 (ਸ਼ਾਮ 4.00) ਤੱਕ ਜਮ੍ਹਾਂ ਕਰਵਾ ਸਕਦੇ ਹਨ। ਮਿਤੀ 11.08.2026 ਨੂੰ ਵਾਕ-ਇਨ-ਇੰਟਰਵਿਊ ਵਾਲੇ ਦਿਨ ਉਮੀਦਵਾਰ ਆਪਣੇ ਅਸਲ ਦਸਤਾਵੇਜ਼ ਫੋਟੋਕਾਪੀਆਂ ਅਤੇ ਸੈਲਫ ਅਟੈਸਟਿਡ ਸਮੇਤ ਆਪਣੇ ਕਮੇਟੀ ਰੂਮ ਰਜਿਸਟਰਾਰ ਦਫ਼ਤਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪਹੁੰਚਣਾ ਯਕੀਨੀ ਬਣਾਉਣ। ਇੰਟਰਵਿਊ ਵਿੱਚ ਸ਼ਾਮਲ ਹੋਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ ਆਦਿ ਨਹੀਂ ਦਿੱਤਾ ਜਾਵੇਗਾ।

(ਡਾ. ਉਂਕਾਰ ਸਿੰਘ ਬਰੈਚ) 30/07/26

Head
Department of Zoology
and Environmental Sciences
Punjabi University, Patiala



Scanned with CamScanner